# PAPER-III
# PUNJABI

**Signature and Name of Invigilator**

1. (Signature) ______________________________
   (Name) ______________________________
2. (Signature) ______________________________
   (Name) ______________________________

**S 2 4 1 3**

OMR Sheet No. : ............................................
(To be filled by the Candidate)

Roll No. | | | | | | | | |

(In figures as per admission card)

Roll No.______________________________
(In words)

Time : 2 1/2 hours] [Maximum Marks : **150**

Number of Pages in this Booklet : **12**

Number of Questions in this Booklet : **75**

## Instructions for the Candidates

1. Write your roll number in the space provided on the top of this page.
2. This paper consists of seventy five multiple-choice type of questions.
3. At the commencement of examination, the question booklet will be given to you. In the first 5 minutes, you are requested to open the booklet and compulsorily examine it as below :
   (i) To have access to the Question Booklet, tear off the paper seal / polythene bag on the booklet. Do not accept a booklet without sticker-seal / without polythene bag and do not accept an open booklet.
   (ii) **Tally the number of pages and number of questions in the booklet with the information printed on the cover page. Faulty booklets due to pages/questions missing or duplicate or not in serial order or any other discrepancy should be got replaced immediately by a correct booklet from the invigilator within the period of 5 minutes. Afterwards, neither the Question Booklet will be replaced nor any extra time will be given.**
   (iii) After this verification is over, the OMR Sheet Number should be entered on this Test Booklet.
4. Each item has four alternative responses marked (A), (B), (C) and (D). You have to darken the circle as indicated below on the correct response against each item.
   **Example :** (A) (B) ● (D)
   where (C) is the correct response.
5. Your responses to the items are to be indicated in the **OMR Sheet given inside the Booklet only.** If you mark at any place other than in the circle in the OMR Sheet, it will not be evaluated.
6. Read instructions given inside carefully.
7. Rough Work is to be done in the end of this booklet.
8. If you write your Name, Roll Number, Phone Number or put any mark on any part of the OMR Sheet, except for the space allotted for the relevant entries, which may disclose your identity, or use abusive language or employ any other unfair means, you will render yourself liable to disqualification.
9. You have to return the original OMR Sheet to the invigilators at the end of the examination compulsorily and must not carry it with you outside the Examination Hall. You are however, allowed to carry duplicate copy of OMR Sheet on conclusion of examination.
10. **Use only Blue/Black Ball point pen.**
11. **Use of any calculator or log table etc., is prohibited.**
12. **There is no negative marks for incorrect answers.**

## परीक्षार्थियों के लिए निर्देश

1. पहले पृष्ठ के ऊपर नियत स्थान पर अपना रोल नम्बर लिखिए ।
2. इस प्रश्न-पत्र में पचहत्तर बहुविकल्पीय प्रश्न हैं ।
3. परीक्षा प्रारम्भ होने पर, प्रश्न-पुस्तिका आपको दे दी जायेगी । पहले पाँच मिनट आपको प्रश्न-पुस्तिका खोलने तथा उसकी निम्नलिखित जाँच के लिए दिये जायेंगे, जिसकी जाँच आपको अवश्य करनी है :
   (i) प्रश्न-पुस्तिका खोलने के लिए पुस्तिका पर लगी कागज की सील / पोलिथीन बैग को फाड़ लें । खुली हुई या बिना स्टीकर-सील / बिना पोलिथीन बैग की पुस्तिका स्वीकार न करें ।
   (ii) **कवर पृष्ठ पर छपे निर्देशानुसार प्रश्न-पुस्तिका के पृष्ठ तथा प्रश्नों की संख्या को अच्छी तरह चैक कर लें कि ये पूरे हैं । दोषपूर्ण पुस्तिका जिनमें पृष्ठ/प्रश्न कम हों या दुबारा आ गये हों या सीरियल में न हों अर्थात् किसी भी प्रकार की त्रुटिपूर्ण पुस्तिका स्वीकार न करें तथा उसी समय उसे लौटाकर उसके स्थान पर दूसरी सही प्रश्न-पुस्तिका ले लें । इसके लिए आपको पाँच मिनट दिये जायेंगे । उसके बाद न तो आपकी प्रश्न-पुस्तिका वापस ली जायेगी और न ही आपको अतिरिक्त समय दिया जायेगा ।**
   (iii) इस जाँच के बाद OMR पत्रक की क्रम संख्या इस प्रश्न-पुस्तिका पर अंकित कर दें ।
4. प्रत्येक प्रश्न के लिए चार उत्तर विकल्प (A), (B), (C) तथा (D) दिये गये हैं । आपको सही उत्तर के वृत्त को पेन से भरकर काला करना है जैसा कि नीचे दिखाया गया है ।
   **उदाहरण** : (A) (B) ● (D) जबकि (C) सही उत्तर है ।
5. प्रश्नों के उत्तर **केवल प्रश्न पुस्तिका के अन्दर दिये गये OMR पत्रक पर ही** अंकित करने हैं । यदि आप OMR पत्रक पर दिये गये वृत्त के अलावा किसी अन्य स्थान पर उत्तर चिह्नांकित करते हैं, तो उसका मूल्यांकन नहीं होगा ।
6. अन्दर दिये गये निर्देशों को ध्यानपूर्वक पढ़ें ।
7. कच्चा काम (Rough Work) इस पुस्तिका के अन्तिम पृष्ठ पर करें ।
8. यदि आप OMR पत्रक पर नियत स्थान के अलावा अपना नाम, रोल नम्बर, फोन नम्बर या कोई भी ऐसा चिह्न जिससे आपकी पहचान हो सके, अंकित करते हैं अथवा अभद्र भाषा का प्रयोग करते हैं, या कोई अन्य अनुचित साधन का प्रयोग करते हैं, तो परीक्षा के लिये अयोग्य घोषित किये जा सकते हैं ।
9. आपको परीक्षा समाप्त होने पर मूल OMR पत्रक निरीक्षक महोदय को लौटाना आवश्यक है और परीक्षा समाप्ति के बाद उसे अपने साथ परीक्षा भवन से बाहर न लेकर जायें । हालांकि आप परीक्षा समाप्ति पर OMR पत्रक की डुप्लीकेट प्रति अपने साथ ले जा सकते हैं ।
10. **केवल नीले/काले बाल प्वाईंट पेन का ही इस्तेमाल करें ।**
11. **किसी भी प्रकार का संगणक (कैलकुलेटर) या लाग टेबल आदि का प्रयोग वर्जित है ।**
12. **गलत उत्तरों के लिए कोई अंक काटे नहीं जाएँगे ।**

# PUNJABI
# ਪੰਜਾਬੀ
## Paper-III
## ਪ੍ਰਸ਼ਨ ਪੱਤਰ-III

**Note :** This paper contains **seventy five (75)** objective type questions of **two (2)** marks each. **All** questions are compulsory.

**ਨੋਟ** : ਇਸ ਪ੍ਰਸ਼ਨ-ਪੱਤਰ ਵਿਚ **ਪੰਝੱਤਰ (75)** ਮਲਟੀਪਲ ਚੋਣ ਪ੍ਰਸ਼ਨ ਹਨ । ਹਰੇਕ ਪ੍ਰਸ਼ਨ ਦੇ **ਦੋ (2)** ਅੰਕ ਹਨ । **ਸਾਰੇ** ਪ੍ਰਸ਼ਨ ਕਰਨੇ ਜ਼ਰੂਰੀ ਹਨ ।

**1.** ਭਾਸ਼ਾ-ਵਿਗਿਆਨ ਦੇ ਕਿਸ ਸੰਕਲਪ ਨਾਲ ਦੁਹਰਾਉ ਮੂਲਕ ਪੈਟਰਨਾਂ ਦਾ ਸੰਬੰਧ ਹੈ :

(A) ਇਕਾਲਿਕ (B) ਦੁਕਾਲਿਕ

(C) ਕੜੀਦਾਰ (D) ਲੜੀਦਾਰ

**2.** ਕਿਸ ਭਾਸ਼ਾ-ਵਿਗਿਆਨੀ ਨੇ ਸੁਰ ਦੇ ਆਧਾਰ ਤੇ ਗੁਰਮੁਖੀ ਵਿਚ ਪਰਿਵਰਤਨ ਦਾ ਸੁਝਾਅ ਦਿੱਤਾ :

(A) ਕਾਲੀ ਚਰਨ ਬਹਿਲ

(B) ਪਿਆਰਾ ਸਿੰਘ ਪਦਮ

(C) ਬਲਬੀਰ ਸਿੰਘ ਸੰਧੂ

(D) ਜੁਗਿੰਦਰ ਸਿੰਘ ਪੁਆਰ

**3.** ਗੁਰਮੁਖੀ ਵਿਚ ਕਿੰਨੇ ਲਿਪਾਂਕਾਂ ਦੀ ਵਰਤੋਂ ਕੀਤੀ ਜਾਂਦੀ ਹੈ :

(A) 35 (B) 56

(C) 41 (D) 65

**4.** ਕਾਰਕ ਸਿਧਾਂਤ ਅਨੁਸਾਰ ਪੰਜਾਬੀ ਦਾ ਕਾਰਕੀ ਮੇਲ ਹੈ :

(A) ਪੜਨਾਂਵ ਤੇ ਨਾਂਵ

(B) ਕਰਤਾ ਤੇ ਕਰਮ

(C) ਪ੍ਰਧਾਨ ਕਰਮ ਤੇ ਕਰਤਾ

(D) ਨਾਂਵ ਤੇ ਕਿਰਿਆ

**5.** ਪੰਜਾਬੀ ਵਿਚ ਸਭਿਆਚਾਰਕ ਚਿਹਨ-ਵਿਗਿਆਨ ਦੀ ਖੋਜ-ਵਿਧੀ ਦੀ ਵਰਤੋਂ ਕਿਸ ਨੇ ਕੀਤੀ :

(A) ਹਰਜੀਤ ਸਿੰਘ ਗਿੱਲ

(B) ਮੁਖ਼ਤਿਆਰ ਸਿੰਘ ਗਿੱਲ

(C) ਐੱਸ.ਐੱਸ.ਜੋਸ਼ੀ

(D) ਰਣਜੀਤ ਸਿੰਘ ਬਾਜਵਾ

**6.** ਪੰਜਾਬੀ ਦੀ ਸੁਰ ਅਤੇ ਵਾਕ-ਸੁਰ ਸੰਬੰਧੀ ਮਿਆਰੀ ਖੋਜ-ਕਾਰਜ ਕਿਸ ਦਾ ਹੈ :

(A) ਐੱਸ.ਐੱਸ.ਜੋਸ਼ੀ

(B) ਸੁਖਵਿੰਦਰ ਸਿੰਘ ਸੰਘਾ

(C) ਪ੍ਰੇਮ ਪ੍ਰਕਾਸ਼ ਸਿੰਘ

(D) ਹਰਕੀਰਤ ਸਿੰਘ

**7.** **(A) ਕਥਨ :** ਭਾਵੇਂ ਪੰਜਾਬੀ ਭਾਸ਼ਾ ਦਾ ਸ੍ਰੋਤ ਭਾਰਤੀ-ਆਰੀਆ ਭਾਸ਼ਾ ਦੀ ਕੈਕਈ ਪ੍ਰਾਕ੍ਰਿਤ ਮੰਨੀ ਜਾਂਦੀ ਹੈ, ਪਰ ਇਸ ਦੀ ਵਿਆਕਰਨ ਅਤੇ ਸ਼ਬਦਾਵਲੀ ਦੇ ਲੱਛਣ ਸਾਰੀਆਂ ਭਾਰਤੀ ਆਰੀਆ ਭਾਸ਼ਾਵਾਂ ਨਾਲ ਮੇਲ ਖਾਂਦੇ ਹਨ ।

**(R) ਕਾਰਨ :** ਕਿਉਂਕਿ ਇਕ ਪਰਿਵਾਰਕ ਸ੍ਰੋਤ ਵਿਚੋਂ ਵਿਕਸਿਤ ਹੋਣ ਵਾਲੀਆਂ ਭਾਸ਼ਾਵਾਂ ਦੀ ਵਿਆਕਰਨ ਤੇ ਸ਼ਬਦਾਵਲੀ ਦੀ ਸਾਂਝ ਹੁੰਦੀ ਹੈ ।

(A) (A) ਗ਼ਲਤ ਹੈ, (R) ਸਹੀ ਹੈ

(B) (A) ਸਹੀ ਹੈ, (R) ਆਂਸ਼ਿਕ ਸਹੀ ਹੈ

(C) (A) ਤੇ (R) ਦੋਵੇਂ ਆਂਸ਼ਿਕ ਗ਼ਲਤ ਹਨ

(D) (A) ਤੇ (R) ਦੋਵੇਂ ਸਹੀ ਹਨ

**8.** ਮਿਸ਼ਰਿਤ ਵਾਕ-ਬਣਤਰ ਵਿਚ ਵਿਚਰਦੇ ਹਨ :

(A) ਇਕ ਕਿਰਆ ਵਾਕੰਸ਼ ਤੇ ਇਕ ਨਾਂਵ ਵਾਕੰਸ਼

(B) ਕੇਵਲ ਦੋ ਸਵਾਧੀਨ ਉਪਵਾਕ

(C) ਸਵਾਧੀਨ ਤੇ ਪਰਾਧੀਨ ਉਪਵਾਕ

(D) ਪਰਾਧੀਨ ਉਪਵਾਕ ਤੇ ਸੀਮਿਤ ਪਰਾਧੀਨ ਉਪਵਾਕ

**9.** ਦੁਹਰੁਕਤੀ ਦੀ ਬਣਤਰ ਹੁੰਦੀ ਹੈ :

(A) ਕੇਵਲ ਇਕੋ ਸ਼੍ਰੇਣੀ ਦੇ ਰੂਪਾਂ ਦਾ ਦੁਹਰਾਉ

(B) ਸੁਤੰਤਰ ਹੋਂਦ ਵਾਲੇ ਸਾਰੇ ਸ਼ਬਦ

(C) ਸਾਰੇ ਸ਼ਬਦਾਂ ਦੀ ਸੁਤੰਤਰ ਹੋਂਦ ਦਾ ਅਭਾਵ

(D) ਇਕ ਤੋਂ ਵਧੇਰੇ ਰੂਪਾਂ ਦਾ ਦੁਹਰਾਉ

**10.** 'ਨਹੁੰਆਂ ਤੇ ਲਿਖਿਆ ਹੋਣਾ' ਕਿਹੜੇ ਅਰਥ ਵਲ ਸੰਕੇਤ ਕਰਦਾ ਹੈ :

(A) ਕਿਸੇ ਗੱਲ ਦਾ ਚੰਗੀ ਤਰ੍ਹਾਂ ਪਤਾ ਹੋਣਾ

(B) ਨਹੁੰਆਂ ਤੇ ਕੀਤੀ ਬਾਰੀਕ ਲਿਖਾਈ

(C) ਪ੍ਰਗਟ ਕੀਤੀ ਗਈ ਵਿਦਵਤਾ

(D) ਅਤੀ ਕਠਿਨਾਈ ਨਾਲ ਕੀਤਾ ਕੰਮ

**11.** ਗੁੱਗੇ ਦੀ ਕਥਾ ਵਿਚ ਕਾਰਜਸ਼ੀਲ ਭਾਵ-ਪ੍ਰਬੰਧ ਹੈ :

(A) ਸਭਿਆਚਾਰਕ ਇਤਿਹਾਸ ਤੇ ਵਿਸ਼ਵਾਸ

(B) ਸਭਿਆਚਾਰਕ ਇਤਿਹਾਸ ਤੇ ਰਸਮੋ-ਰਿਵਾਜ

(C) ਸਭਿਆਚਾਰਕ ਇਤਿਹਾਸ ਤੇ ਖੇਤਰੀ ਰਿਵਾਇਤ

(D) ਸਭਿਆਚਾਰਕ ਇਤਿਹਾਸ ਤੇ ਲੋਕ ਧੰਦੇ

**12.** 'ਬਾਪੂ ਤੇਰੇ ਕੁੜਮਾਂ ਨੇ ਗੋਰੇ ਰੰਗ ਦੀ ਕਦਰ ਨਾ ਪਾਈ' ਪੰਕਤੀ ਦਾ ਸ਼ੈਲੀ ਰੂਪ ਹੈ :

(A) ਸੰਬੋਧਨੀ (B) ਸੰਵਾਦੀ

(C) ਮਨੋਬਚਨੀ (D) ਪ੍ਰਤੀਕਾਤਮਕ

**13.** ਮਿੱਥ ਕਥਾ ਦਾ ਆਧਾਰ ਹੈ :

(A) ਇਤਿਹਾਸਕ ਨਾਇਕ ਤੇ ਕਰਾਮਾਤੀ ਚਰਿੱਤਰ

(B) ਧਾਰਮਿਕ ਨਾਇਕ ਤੇ ਇਤਿਹਾਸਕ ਭੂਮਿਕਾ

(C) ਧਾਰਮਿਕ ਨਾਇਕ ਤੇ ਪਰਾਸਰੀਰਕ ਤੱਤ

(D) ਅਧਿਆਤਮਿਕ ਨਾਇਕ ਤੇ ਸਮਾਜਕ ਵਰਤਾਰਾ

**14.** **(A) ਕਥਨ :** ਜੇਕਰ ਪੰਜਾਬੀ ਲੋਕਧਾਰਾ ਦੀ ਪਛਾਣ ਇਸ ਦੇ ਵਿਸ਼ਵ-ਵਿਆਪੀ ਤੱਤਾਂ ਮੁਤਾਬਕ ਕਰਨੀ ਹੋਵੇ ਤਾਂ ਇਸ ਨੂੰ ਇਕ ਸਥਿਰ ਇਤਿਹਾਸਕ ਤੱਥ ਦੇ ਰੂਪ ਵਿਚ ਗ੍ਰਹਿਣ ਕਰਨਾ ਜ਼ਰੂਰੀ ਹੋਵੇਗਾ ।

**(R) ਕਾਰਨ :** ਕਿਉਂਕਿ ਉਪਰੋਕਤ ਵਰਤਾਰਾ ਗਤੀਸ਼ੀਲ ਸਭਿਆਚਾਰਕ ਤੇ ਨਿਰੰਤਰ ਕਾਰਜਸ਼ੀਲ ਪ੍ਰਕਿਰਿਆ ਵਜੋਂ ਉਭਰਦਾ ਹੈ ।

(A) (A) ਅੰਸ਼ਿਕ ਸਹੀ ਹੈ, (R) ਗ਼ਲਤ ਹੈ

(B) (A) ਗ਼ਲਤ ਹੈ, (R) ਸਹੀ ਹੈ

(C) (R) ਅੰਸ਼ਿਕ ਸਹੀ ਹੈ, (A) ਗ਼ਲਤ ਹੈ

(D) (A) ਤੇ (R) ਦੋਵੇਂ ਅੰਸ਼ਿਕ ਸਹੀ ਹਨ

**15.** ਕਿਹੜਾ ਕਥਨ ਸਹੀ ਹੈ :

(ੳ) ਲੋਕਯਾਨ ਦਾ ਧਰਮ, ਭਾਸ਼ਾ-ਵਿਗਿਆਨ ਤੇ ਮਨੋ-ਵਿਗਿਆਨ ਅਨੁਸ਼ਾਸਨਾਂ ਨਾਲ ਪਰਸਪਰ ਸਾਂਝ ਦਾ ਅਭਾਵ ਹੈ ।

(ਅ) ਲੋਕਯਾਨ, ਲੋਕ ਸੰਪੱਤੀ ਹੈ ਤੇ ਲੋਕ ਮਾਨਸ ਦੀ ਹੀ ਉਪਜ ਹੈ ।

(A) (ੳ) ਤੇ (ਅ) ਦੋਵੇਂ ਸਹੀ ਹਨ

(B) (ੳ) ਠੀਕ ਹੈ ਤੇ (ਅ) ਗ਼ਲਤ ਹੈ

(C) (ੳ) ਗ਼ਲਤ ਹੈ ਤੇ (ਅ) ਸਹੀ ਹੈ

(D) (ੳ) ਤੇ (ਅ) ਦੋਵੇਂ ਗ਼ਲਤ ਹਨ ।

**16.** ਪੰਜਾਬੀ ਵਿਚ ਸਭਿਆਚਾਰ-ਵਿਗਿਆਨ ਬਾਰੇ ਕਿਸ ਵਿਦਵਾਨ ਨੇ ਅਧਿਐਨ ਕੀਤਾ :

(A) ਵਣਜਾਰਾ ਬੇਦੀ

(B) ਤਰਲੋਕ ਸਿੰਘ ਕੰਵਰ

(C) ਸੰਤ ਸਿੰਘ ਸੇਖੋਂ

(D) ਹਰਜੀਤ ਸਿੰਘ ਗਿੱਲ

**17.** **(A) ਕਥਨ :** ਲੋਕ ਸਾਹਿਤ ਨੂੰ ਨਿਮਨ ਆਖਣ ਨਾਲ ਲੋਕ ਸਾਹਿਤ ਦਾ ਮਹੱਤਵ ਨਹੀਂ ਘਟਦਾ ਸਗੋਂ ਇਸ ਦੀ ਸਮਾਜ-ਸ਼ਾਸਤਰੀ ਤੇ ਕਾਵਿ-ਸ਼ਾਸਤਰੀ ਮਹੱਤਾ ਵੀ ਅੱਖੋਂ ਪਰੋਖੇ ਹੁੰਦੀ ਹੈ ।

**(R) ਕਾਰਨ :** ਪਰ ਲੋਕ ਸਾਹਿਤ ਦੀ ਵਾਸਤਵਿਕ ਪਛਾਣ ਕਰਾਉਣ ਵਿਚ ਸਾਡੇ ਵਿਦਵਾਨਾਂ ਦੀ ਬੇਰੁਖੀ ਹੀ ਇਸ ਦਾ ਮੁੱਖ ਕਾਰਨ ਸੀ ।

(A) (A) ਆਂਸ਼ਿਕ ਸਹੀ ਹੈ, (R) ਸਹੀ ਹੈ

(B) (A) ਤੇ (R) ਦੋਵੇਂ ਸਹੀ ਹਨ

(C) (A) ਤੇ (R) ਦੋਵੇਂ ਆਂਸ਼ਿਕ ਸਹੀ ਹਨ

(D) (A) ਸਹੀ ਹੈ, (R) ਆਂਸ਼ਿਕ ਸਹੀ ਹੈ

**18.** "ਪੰਜਾਬੀ ਸੂਫ਼ੀ ਕਵਿਤਾ ਸਾਮੀ ਸਭਿਆਚਾਰ ਦਾ ਇਕ ਵਿਸਥਾਰ ਨਾ ਹੋ ਕੇ ਇਕ ਆਤਮ-ਸੰਪੰਨ ਵਿਹਾਰ ਵਣ ਗਈ ਹੈ" ਕਥਨ ਕਿਸ ਦਾ ਹੈ :

(A) ਗੁਲਵੰਤ ਸਿੰਘ

(B) ਕਿਸ਼ਨ ਸਿੰਘ

(C) ਅਤਰ ਸਿੰਘ

(D) ਲਾਜਵੰਤੀ ਰਾਮਕ੍ਰਿਸ਼ਨ

**19.** ਪੰਜਾਬ ਵਿਚ ਕਾਦਿਰੀ ਸਿਲਸਲੇ ਦੇ ਮੋਢੀ ਸਨ :

(A) ਬਖ਼ਤਿਆਰ ਕਾਕੀ

(B) ਇਨਾਇਤ ਸ਼ਾਹ ਕਾਦਰੀ

(C) ਹਜ਼ਰਤ ਮੀਆਂ ਮੀਰ ਲਾਹੌਰੀ

(D) ਮੀਆਂ ਜਾਨ ਮੁਹੰਮਦ

**20.** ਬੁਲ੍ਹੇ ਸ਼ਾਹ ਨੂੰ ਆਖ਼ਰੀ ਪੜਾਉ ਦਾ ਸੂਫ਼ੀ ਕਵੀ ਕਿਸ ਨੇ ਕਿਹਾ :

(A) ਸਾਧੂ ਰਾਮ ਸ਼ਾਰਦਾ

(B) ਲਾਜਵੰਤੀ ਰਾਮਕ੍ਰਿਸ਼ਨ

(C) ਗੁਰਦੇਵ ਸਿੰਘ ਸਿੱਧੂ

(D) ਜੀਤ ਸਿੰਘ ਸੀਤਲ

**21.** ਸੂਫ਼ੀ ਮਤ ਮੁੱਖ ਰੂਪ ਵਿਚ ਸੀ :

(A) ਇਸਲਾਮ ਨਾਲ ਅਸੰਗਤੀ

(B) ਇਸਲਾਮ ਦੇ ਅੰਤਰਗਤ ਰਾਜਸੀ ਰੋਸ

(C) ਇਸਲਾਮੀ ਵਿਚਾਰਧਾਰਾ ਦੀ ਦੁਨਿਆਵੀ ਹਕੀਕਤਾਂ ਅਨੁਸਾਰ ਤਬਦੀਲੀ

(D) ਇਸਲਾਮੀ ਕੱਟੜਤਾ ਦੇ ਤਹਿਤ ਰੂਹਾਨੀ ਉੱਚਤਾ

**22.** ਬੁਲ੍ਹੇ ਸ਼ਾਹ ਨੇ ਰਚਨਾ ਕੀਤੀ :

(A) ਅਠਵਾਰਾ, ਬਾਰਹਮਾਹ ਤੇ ਕਾਫ਼ੀਆਂ ਦੀ

(B) ਗੰਢਾਂ, ਕਾਫ਼ੀਆਂ ਤੇ ਸ਼ਲੋਕਾਂ ਦੀ

(C) ਸੀਹਰਫ਼ੀ, ਗੰਢਾਂ ਤੇ ਸ਼ਬਦਾਂ ਦੀ

(D) ਦੋਹੜੇ, ਕਾਫ਼ੀਆਂ ਤੇ ਗੰਢਾਂ ਦੀ

**23.** ਗ਼ੁਲਾਮ ਫ਼ਰੀਦ ਦੀ ਪ੍ਰਾਪਤੀ ਹੈ :

(A) ਯਥਾਰਥਕ ਅਨੁਭਵ ਦੀ ਸੂਝ ਵਿਚ

(B) ਸੂਫ਼ੀਆਨਾ ਰਿਵਾਇਤ ਤੋਂ ਲਾਂਭੇ ਵਿਚਰਨ ਵਿਚ

(C) ਵਹਿਦਤੁਲ ਵਜੂਦ ਨੂੰ ਅੱਖੋਂ-ਪਰੋਖੇ ਕਰਨ ਵਿਚ

(D) ਇਸ਼ਕੀਆ ਅੰਦਾਜ਼ ਤੇ ਤਸੱਵੁਫ਼ੀ ਉਚਾਈ ਨੂੰ ਪ੍ਰਗਟਾਉਣ ਵਿਚ

**24.** 'ਰੱਬ ਵਲ ਯਾਤਰਾ, ਰੱਬ ਵਿਚ ਯਾਤਰਾ ਤੇ ਰੱਬ ਵਲੋਂ ਯਾਤਰਾ' ਸੂਫ਼ੀ ਸਾਧਨਾ ਬਾਰੇ ਕਥਨ ਕਿਸ ਦਾ ਹੈ :

(A) ਜੌਹਨ ਦੇ. ਸੁਬ੍ਹਾਨ

(B) ਲਾਲਾ ਬਖ਼ਤਿਆਰ

(C) ਲਾਜਵੰਤ ਰਾਮਕ੍ਰਿਸ਼ਨ

(D) ਆਰ.ਏ. ਨਿਕਲਸਨ

25. ਗੁਰੂ ਗ੍ਰੰਥ ਸਾਹਿਬ ਦੀ ਕਿਹੜੀ ਬਾਣੀ ਰਾਗ ਵਿਚ ਹੈ :

(A) ਸਵੱਯੇ (B) ਰਾਗਮਾਲਾ

(C) ਮੁੰਦਾਵਣੀ (D) ਕਰਹਲੇ

26. ਕਿਸ ਰਾਗ ਵਿਚ ਕੇਵਲ ਗੁਰੂ ਤੇਗ ਬਹਾਦਰ ਦੀ ਬਾਣੀ ਦਰਜ ਹੈ :

(A) ਰਾਗੁ ਪ੍ਰਭਾਤੀ (B) ਰਾਗੁ ਜੈਜਾਵੰਤੀ

(C) ਰਾਗੁ ਬਸੰਤੁ (D) ਰਾਗੁ ਟੋਡੀ

27. ਸਹੀ ਕ੍ਰਮ ਵਿਚ ਲਿਖੋ :

| **ਸੂਚੀ**-I | **ਸੂਚੀ**-II |
|---|---|
| a. ਪੱਟੀ ਲਿਖੀ | 1. ਗੁਰੂ ਅਮਰਦਾਸ |
| b. ਪੱਟੀ | 2. ਗੁਰੂ ਨਾਨਕ ਦੇਵ |
| c. ਬਾਵਨ ਅਖਰੀ | 3. ਗੁਰੂ ਰਾਮਦਾਸ |
| d. ਵਣਜਾਰਾ | 4. ਭਗਤ ਕਬੀਰ |

| | a | b | c | d |
|---|---|---|---|---|
| (A) | 2 | 1 | 4 | 3 |
| (B) | 2 | 4 | 1 | 3 |
| (C) | 2 | 3 | 4 | 1 |
| (D) | 1 | 2 | 3 | 4 |

28. ਕਿਸ ਵਿਦਵਾਨ ਨੇ ਗੁਰਵਾਣੀ ਦੀ ਵਿਆਖਿਆ ਮਨੁੱਖੀ ਪ੍ਰਗਤੀ ਦੀ ਦ੍ਰਿਸ਼ਟੀ ਤੋਂ ਕੀਤੀ ਹੈ :

(A) ਭਾਈ ਜੋਧ ਸਿੰਘ

(B) ਤਾਰਨ ਸਿੰਘ

(C) ਕਿਸ਼ਨ ਸਿੰਘ

(D) ਭਾਈ ਵੀਰ ਸਿੰਘ

29. ਗੁਰਬਾਣੀ ਨੂੰ ਪਰਾ-ਸਾਹਿਤ ਕਿਸ ਨੇ ਕਿਹਾ :

(A) ਤੇਜਵੰਤ ਸਿੰਘ ਗਿੱਲ

(B) ਸੰਤ ਸਿੰਘ ਸੇਖੋਂ

(C) ਕਿਸ਼ਨ ਸਿੰਘ

(D) ਹਰਿਭਜਨ ਸਿੰਘ

30. ਪੜਤਾਲ ਹੈ :

(A) ਰਾਗ ਦੀ ਇਕ ਵੰਨਗੀ

(B) ਕਾਵਿ-ਰੂਪ ਦੀ ਇਕ ਵੰਨਗੀ

(C) ਸੰਗੀਤ ਦੀ ਇਕ ਵੰਨਗੀ

(D) ਸੰਗੀਤ ਤੇ ਰਾਗ ਦੀ ਇਕ ਵੰਨਗੀ

31. ਕਿਹੜਾ ਕ੍ਰਮ ਸਹੀ ਹੈ :

| **ਸੂਚੀ**-I | **ਸੂਚੀ**-II |
|---|---|
| a. ਵਾਰ ਮਲਹਾਰ ਕੀ | 1. ਰਾਇ ਕਮਾਲ ਦੀ ਮੋਜਦੀ ਕੀ ਵਾਰ ਕੀ ਧੁਨੀ |
| b. ਵਾਰ ਕਾਨਹੜੇ ਕੀ | 2. ਮੂਸੇ ਕੀ ਵਾਰ ਕੀ ਧੁਨੀ |
| c. ਗਉੜੀ ਕੀ ਵਾਰ | 3. ਟੁੰਡੇ ਅਸਰਾਜੈ ਕੀ ਧੁਨੀ |
| d. ਆਸਾ ਦੀ ਵਾਰ | 4. ਰਾਣੇ ਕੈਲਾਸ਼ ਤਥਾ ਮਾਲਦੇ ਕੀ ਧੁਨੀ |

| | a | b | c | d |
|---|---|---|---|---|
| (A) | 2 | 4 | 1 | 3 |
| (B) | 2 | 3 | 1 | 4 |
| (C) | 2 | 1 | 3 | 4 |
| (D) | 1 | 2 | 3 | 4 |

32. ਹੇਠਲੀਆਂ ਤੁਕਾਂ ਕਿਸ ਦੀਆਂ ਹਨ :

ਬਿਸ ਲਏ ਅਵਤਾਰ ਦਸ ਵੈਰ ਵਿਰੋਧ ਜੋਧ ਸਘਾਰੇ ।

ਮਛ ਕਛ ਵੈਰਾਹ ਰੂਪ ਹੋਇ ਨਰ ਸਿੰਘ ਬਾਵਨ ਬਹੁਧਾਰੇ ।

(A) ਗੁਰੂ ਰਾਮਦਾਸ ਜੀ

(B) ਭਾਈ ਗੁਰਦਾਸ ਜੀ

(C) ਭਗਤ ਨਾਮ ਦੇਵ ਜੀ

(D) ਮਥੁਰਾ ਭੱਟ

33. ਪੰਜਾਬ ਤੋਂ ਬਾਹਰ ਗੁਰਬਾਣੀ ਚਿੰਤਨ ਨਾਲ ਸੰਬੰਧਿਤ ਵਿਦਵਾਨ ਹਨ :

(A) ਮੁਬੂ ਮੋਹਨ ਤੇ ਹਿਮਾਦਰੀ ਬੈਨਰਜੀ

(B) ਹਰਬੰਸ ਸਿੰਘ ਤੇ ਗੁਰਬਚਨ ਸਿੰਘ ਤਾਲਿਬ

(C) ਨਿੱਕੀ ਗੁਰਿੰਦਰ ਸਿੰਘ ਤੇ ਗੁਰਨਾਮ ਕੌਰ

(D) ਓ.ਐਨ.ਕੌਲ ਤੇ ਵੀ. ਪ੍ਰਕਾਸਮ

34. ਬਿਰਤਾਂਤ ਕਾਵਿ ਵਿਚ ਕਿਹੜੇ ਤੱਤਾਂ ਉਪਰ ਵਧੇਰੇ ਬਲ ਹੈ :

(A) ਅਨੁਕਰਨ ਤੇ ਨਿਰੂਪਣ

(B) ਵਰਣਨ ਤੇ ਚਿੱਤਰਨ

(C) ਬਿਰਤਾਂਤ ਤੇ ਨਾਟਕੀਅਤਾ

(D) ਕਥਾ ਤੇ ਵਰਣਨ

35. ਪੰਜਾਬੀ ਕਿੱਸਾ ਕਾਵਿ ਦੀ ਉਤਪੱਤੀ ਹੋਈ :

(A) ਸ਼ਾਹ ਜਹਾਂ ਦੇ ਸਮੇਂ

(B) ਬਾਬਰ ਦੇ ਸਮੇਂ

(C) ਅਕਬਰ ਦੇ ਸਮੇਂ

(D) ਮੁਹੰਮਦ ਸ਼ਾਹ ਰੰਗੀਲਾ ਦੇ ਸਮੇਂ

36. ਕਿੱਸਾ ਕਾਵਿ ਦੀਆਂ ਮੁੱਖ ਸ਼ੈਲੀਗਤ ਜੁਗਤਾਂ ਹਨ :

(A) ਪ੍ਰਕਿਰਤੀ, ਪ੍ਰਵਚਨ, ਸਭਿਆਚਾਰ

(B) ਬਿਰਤਾਂਤ, ਵਰਣਨ, ਪ੍ਰਵਚਨ

(C) ਸਭਿਆਚਾਰ, ਬਿਰਤਾਂਤ, ਪ੍ਰਕਿਰਤੀ

(D) ਬਿਰਤਾਂਤ, ਕਥਾ-ਵਾਰਤਾ, ਅਨੁਕਰਨ

37. "ਦੋਵੇਂ ਉਠ ਕੇ ਮੱਕੇ ਦੇ ਰਾਹ ਗਏ, ਮੈਨੂੰ ਫੇਰ ਦੀ ਖ਼ਬਰ ਨਾ ਕਾਏ ਮੀਆਂ ।
ਲੋਕ ਆਖਦੇ ਅੱਜ ਤਕ ਜੀਂਵਦੇ ਨੇ, ਰੱਖੇ ਮੌਤ ਥੇ ਰੱਬ ਬਚਾਇ ਮੀਆਂ ।"

ਸਤਰਾਂ ਕਿਸ ਕਿੱਸਾ ਕਾਰ ਦੀਆਂ ਹਨ :

(A) ਵਾਰਿਸ ਸ਼ਾਹ (B) ਅਹਿਮਦ ਯਾਰ

(C) ਮੁਕਬਲ (D) ਭਗਵਾਨ ਸਿੰਘ

38. ਵਾਰ ਕਾਵਿ ਵਿਚ ਕਿਸ ਛੰਦ ਜੁੱਟ ਦਾ ਪ੍ਰਯੋਗ ਕੀਤਾ ਜਾਂਦਾ ਹੈ :

(A) ਪਉੜੀ ਤੇ ਬੈਂਤ

(B) ਨਿਸ਼ਾਨੀ ਤੇ ਸਿਰਖੰਡੀ

(C) ਚੌਪਈ ਤੇ ਨਿਸ਼ਾਨੀ

(D) ਸੋਰਠਾ ਤੇ ਸਿਰਖੰਡੀ

39. "ਦੁਨੀਆਂ ਝੂਠੋ ਝੂਠ ਹੈ ਸਭ ਕੂੜ ਬਹਾਨਾ ।
ਪੜ੍ਹਿਆ ਲਫ਼ਜ਼ ਇਹ ਮੌਤ ਦਾ ਅਸਾਂ ਵਿਚ ਕੁਰਾਨਾਂ ।"

ਪੰਕਤੀਆਂ ਕਿਹੜੀ ਵਾਰ ਵਿਚ ਦਰਜ ਹਨ :

(A) ਨਜਾਬਤ ਦੀ ਵਾਰ

(B) ਚੰਡੀ ਦੀ ਵਾਰ

(C) ਚੱਠਿਆਂ ਦੀ ਵਾਰ

(D) ਲਵ ਕੁਸ਼ ਦੀ ਵਾਰ

40. 'ਜੰਗਨਾਮਾ ਸਿੰਘਾਂ ਤੇ ਫਰੰਗੀਆਂ' ਦਾ ਉੱਘਾ ਲੱਛਣ ਹੈ :

(A) ਗਾਲਪਨਿਕਤਾ ਤੇ ਕਾਲਪਨਿਕਤਾ

(B) ਯੁੱਧ ਵਰਣਨ ਤੇ ਨਾਇਕ ਚਿੱਤਰਨ

(C) ਇਤਿਹਾਸਕਤਾ ਤੇ ਸਾਹਿਤਕਤਾ

(D) ਸਭਿਆਚਾਰਕ ਤਣਾਉ ਤੇ ਟੱਕਰ

41. 'ਭਗਤ ਰਤਨਾਵਲੀ' ਦਾ ਸ੍ਰੋਤ ਹੈ :

(A) ਭਗਤ ਕਬੀਰ ਦੀ ਬਾਣੀ

(B) ਭੱਟਾਂ ਦੇ ਸਵੱਯੇ

(C) ਭਾਈ ਗੁਰਦਾਸ ਦੀ ਗਿਆਰ੍ਹਵੀਂ ਵਾਰ

(D) ਪ੍ਰਾਚੀਨ ਪੰਥ ਪ੍ਰਕਾਸ਼

42. ਮੱਧਕਾਲੀਨ ਪੰਜਾਬੀ ਵਾਰਤਕ ਦੇ ਮੁੱਖ ਰੂਪ ਹਨ :

(A) ਸਾਖੀ, ਟੀਕਾ, ਪਰਚੀਆਂ, ਗੋਸ਼ਟ

(B) ਟੀਕਾ, ਜਨਮ ਸਾਖੀ, ਪਰਮਾਰਥ, ਨਿਬੰਧ

(C) ਪਰਮਾਰਥ, ਗੋਸ਼ਟ, ਹੁਕਮਨਾਮਾ, ਮਹਿਰਾਜਨਾਮਾ

(D) ਮਸਲੇ, ਬਚਨ, ਰਹਿਤਨਾਮਾ, ਜੀਵਨੀ

**43.** ਗੋਸ਼ਟ ਵਾਰਤਕ ਰੂਪ ਦਾ ਸੰਬੰਧ ਹੈ :

(A) ਗੁਰੂਆਂ ਤੇ ਕਾਜ਼ੀਆਂ ਦੇ ਸੰਵਾਦ ਨਾਲ

(B) ਗੁਰੂਆਂ ਤੇ ਸਿੱਧਾਂ ਦੇ ਸੰਵਾਦ ਨਾਲ

(C) ਗੁਰੂਆਂ ਤੇ ਭਗਤਾਂ ਦੇ ਸੰਵਾਦ ਨਾਲ

(D) ਗੁਰੂਆਂ ਦੇ ਪਰਮਾਰਥਕ ਮਸਲਿਆਂ ਨਾਲ

**44.** ਜਨਮਸਾਖੀ ਸ਼ੰਭੂ ਨਾਥ ਦਾ ਨਾਂ ਹੈ :

(A) ਪੁਰਾਤਨ ਜਨਮਸਾਖੀ

(B) ਆਦਿ ਸਾਖੀਆਂ

(C) ਗਿਆਨ ਰਤਨਾਵਲੀ

(D) ਸਿੱਖਾਂ ਦੀ ਭਗਤਮਾਲਾ

**45.** **(A) ਕਥਨ :** ਆਧੁਨਿਕ ਪੰਜਾਬੀ ਵਾਰਤਕ ਵਿਭਿੰਨ ਵਿਸ਼ਿਆਂ ਨੂੰ ਤਾਰਕਿਤ ਤੇ ਵਿਵੇਕਸ਼ੀਲ ਦ੍ਰਿਸ਼ਟੀ ਤੋਂ ਸਰਲ, ਸੰਖੇਪ ਤੇ ਸਪਸ਼ਟ ਸ਼ੈਲੀ ਵਿਚ ਪੇਸ਼ ਕਰਦੀ ਹੈ ।

**(R) ਕਾਰਨ :** ਇਸ ਨਜ਼ਰੀਏ ਤੋਂ ਮੱਧਕਾਲੀਨ ਪੰਜਾਬੀ ਵਾਰਤਕ ਤੇ ਆਧੁਨਿਕ ਪੰਜਾਬੀ ਵਾਰਤਕ ਵਿਚ ਕਰੀਬੀ ਰਿਸ਼ਤਾ ਸਥਾਪਿਤ ਨਹੀਂ ਹੁੰਦਾ ।

(A) (A) ਸਹੀ ਹੈ, (R) ਗ਼ਲਤ ਹੈ

(B) (A) ਤੇ (R) ਦੋਵੇਂ ਸਹੀ ਹਨ

(C) (A) ਤੇ (R) ਦੋਵੇਂ ਗ਼ਲਤ ਹਨ

(D) (A) ਆਂਸ਼ਿਕ ਸਹੀ ਹੈ, (R) ਸਹੀ ਹੈ

**46.** ਕਿਸ ਵਾਰਤਕਕਾਰ ਨੇ ਨਿਬੰਧਾਂ ਵਿਚ ਪੂਰਬੀ ਦਰਸ਼ਨ, ਇਤਿਹਾਸ, ਮਿਥਿਹਾਸ ਤੇ ਸਾਹਿਤ ਦੇ ਪ੍ਰਮਾਣ ਤੇ ਵਿਆਖਿਆ ਮਿਲਦੀ ਹੈ :

(A) ਹਰਿੰਦਰ ਸਿੰਘ ਰੂਪ ਤੇ ਕਪੂਰ ਸਿੰਘ

(B) ਲਾਲ ਸਿੰਘ ਕਮਲਾ ਅਕਾਲੀ ਤੇ ਬਲਬੀਰ ਸਿੰਘ

(C) ਬਲਬੀਰ ਸਿੰਘ ਤੇ ਪੂਰਨ ਸਿੰਘ

(D) ਗੁਰਬਚਨ ਸਿੰਘ ਤਾਲਿਬ ਤੇ ਹਰਿੰਦਰ ਸਿੰਘ ਰੂਪ

**47.** ਸਹੀ ਜੁੱਟ ਕਿਹੜਾ ਹੈ :

| **ਸੂਚੀ-I** | **ਸੂਚੀ-II** |
|---|---|
| a. ਸੁਬਾ ਸਿੰਘ | 1. ਕੁਝ ਹੋਰ ਧਾਰਮਿਕ ਲੇਖ |
| b. ਪਿਆਰ ਸਿੰਘ | 2. ਨਿੰਮ ਦੇ ਪੱਤੇ |
| c. ਬਲਵੰਤ ਗਾਰਗੀ | 3. ਤੇਜਾ ਸਿੰਘ ਸਮੁੰਦਰੀ |
| d. ਸਾਹਿਬ ਸਿੰਘ | 4. ਗ਼ਲਤੀਆਂ |

| | a | b | c | d |
|---|---|---|---|---|
| (A) | 4 | 2 | 3 | 1 |
| (B) | 4 | 3 | 2 | 1 |
| (C) | 3 | 4 | 2 | 1 |
| (D) | 1 | 3 | 2 | 4 |

**48.** ਗ਼ਦਰ ਲਹਿਰ ਨਾਲ ਸੰਬੰਧਿਤ ਪੰਜਾਬੀ ਪ੍ਰਤਿਕਾਵਾਂ ਹਨ :

(A) ਸੰਸਾਰ, ਵਤਨੋਂ ਦੂਰ, ਸੁਦੇਸ਼ ਸੇਵਕ

(B) ਸੁਦੇਸ਼ ਸੇਵਕ, ਗ਼ਦਰ ਗੂੰਜਾਂ, ਹਿੰਦੋਸਤਾਨ ਗ਼ਦਰ

(C) ਗ਼ਦਰ ਗੂੰਜਾਂ, ਵਤਨੋਂ ਦੂਰ, ਸੰਸਾਰ

(D) ਗ਼ਦਰ ਗੂੰਜਾਂ, ਦੇਸ ਪਰਦੇਸ, ਹਿੰਦੋਸਤਾਨ ਗ਼ਦਰ

**49.** ਚਾਤ੍ਰਿਕ ਦੀ ਕਵਿਤਾ ਦੇ ਸਰੋਕਾਰ ਹਨ :

(A) ਲੌਕਿਕ ਤੇ ਪਾਰਲੌਕਿਕ

(B) ਬਿਰਤਾਂਤਕ ਤੇ ਭਾਵਾਤਮਕ ਅਸੁਹਿਰਦਤਾ

(C) ਇਨਸਾਨਸਤਾਨ ਤੇ ਸਰਬਸਾਂਝੀਵਾਲਤਾ

(D) ਪੰਜਾਬੀ ਸਭਿਆਚਾਰ ਤੇ ਵਿਚਾਰਧਾਰਾ

50. ਪੂਰਨ ਸਿੰਘ ਦੇ ਕਾਵਿ ਫ਼ਲਸਫ਼ੇ ਦੇ ਆਧਾਰ ਹਨ :

(A) ਰੁਮਾਂਟਿਕ ਧਾਰਾ ਤੇ ਪੱਛਮੀ ਦਰਸ਼ਨ

(B) ਪੌਰਾਣਿਕ ਤੇ ਪੂਰਬੀ ਫ਼ਲਸਫ਼ਾ

(C) ਵੇਦਾਂਤ ਤੇ ਬੁੱਧ ਧਰਮ

(D) ਵੈਦਿਕ ਤੇ ਗੁਰਮਤ ਦਰਸ਼ਨ

51. ਸੁਹਜਵਾਦੀ ਕਾਵਿਧਾਰਾ ਦੀਆਂ ਰੂਪਗਤ ਵਿਸ਼ੇਸ਼ਤਾਵਾਂ ਹਨ :

(A) ਸ਼ਬਦ ਅਨੁਪ੍ਰਾਸ ਤੇ ਅਲੰਕਾਰ ਵਰਤੋਂ

(B) ਪਰੰਪਰਾਗਤ ਸ਼ਬਦਾਵਲੀ ਤੇ ਛੰਦਾਬੰਦੀ ਦਾ ਪ੍ਰਯੋਗ

(C) ਸ਼ਬਦ ਯੋਜਨਾ ਤੇ ਬਿੰਬ ਯੋਜਨਾ

(D) ਸ਼ਬਦ ਰਾਗਾਤਮਕਤਾ ਤੇ ਅਨੁਭਵੀ ਸੰਵੇਦਨਾ

52. ਸ਼ਿਵ ਕੁਮਾਰ ਦੀ ਕਾਵਿਕ ਪ੍ਰਤਿਭਾ ਦਾ ਆਧਾਰ ਹੈ :

(A) ਭਾਸ਼ਾ ਦੀ ਪਰੰਪਰਾਗਤ ਵਰਤੋਂ

(B) ਬਿਰਤਾਂਤਕ ਰਚਨਾਵਾਂ ਦੀ ਪ੍ਰਮੁਖਤਾ

(C) ਕਰੁਣਾਯੁਕਤ ਅਨੁਭਵ ਦੀ ਸਰੋਦੀ ਪੇਸ਼ਕਾਰੀ

(D) ਪ੍ਰਯੋਗਸ਼ੀਲ ਲਹਿਰ ਦੀ ਅਨੁਸਾਰਤਾ

53. ਪਿਆਰ, ਰੋਹ ਤੇ ਕ੍ਰਾਂਤੀ ਦਾ ਸਿਖ਼ਰ ਹੈ :

(A) ਸ਼ਿਵ ਕੁਮਾਰ ਕਾਵਿ

(B) ਪਾਸ਼ ਕਾਵਿ

(C) ਸੰਤ ਰਾਮ ਉਦਾਸੀ ਕਾਵਿ

(D) ਸੁਰਜੀਤ ਪਾਤਰ ਕਾਵਿ

54. ਸੁਰਜੀਤ ਪਾਤਰ ਦੀ ਕਾਵਿਕ ਵਿਸ਼ੇਸ਼ਤਾ ਹੈ :

(A) ਨਿਮਨ ਵਰਗ ਨਾਲ ਹਮਦਰਦੀ ਦਾ ਇਜ਼ਹਾਰ

(B) ਮੱਧਵਰਗੀ ਵਿਅਕਤੀ ਦੀ ਦੁਵਿਧਾਗ੍ਰਸਤ ਸਥਿਤੀ

(C) ਕੁਲੀਨ ਵਰਗ ਦੀ ਦੁਵਿਧਾਗ੍ਰਸਤ ਸਥਿਤੀ

(D) ਪ੍ਰਗੀਤ ਤੇ ਬਿਰਤਾਂਤ ਦਾ ਸੁਮੇਲ

55. ਪੰਜਾਬੀ ਗਲਪ ਦੇ ਕਾਵਿ-ਸ਼ਾਸਤਰ ਦਾ ਪ੍ਰਤਿਮਾਨਕ ਆਧਾਰ ਹੈ :

(A) ਸੁਪਨੇ, ਜਥਾਰਥ ਤੇ ਅਸਤਿੱਤਵੀ ਤਣਾਉ ਦਾ ਬਿਰਤਾਂਤ

(B) ਵਿਚਾਰਧਾਰਾ, ਪ੍ਰਤਿਬੱਧਤਾ ਤੇ ਕ੍ਰਾਂਤੀ ਦਾ ਬਿਰਤਾਂਤ

(C) ਕਾਮਨਾਵਾਂ, ਦਮਨ ਤੇ ਸੁਪਨਿਆਂ ਦਾ ਬਿਰਤਾਂਤ

(D) ਬਿਅਕਤੀ, ਪਰਿਸਥਿਤੀਆਂ ਤੇ ਸਮਾਜਕ ਤਬਦੀਲੀ ਦਾ ਬਿਰਤਾਂਤ

56. ਮੁਢਲੇ ਪੰਜਾਬੀ ਨਾਵਲ ਦੀ ਮੁੱਖ ਸੁਰ ਹੈ :

(A) ਧਾਰਮਿਕ ਪ੍ਰਤਿਮਾਨਕਤਾ ਦੀ ਸਿਰਜਣਾ

(B) ਸੰਪ੍ਰਦਾਇਕ ਸੰਵੇਦਨਾ ਦੀ ਸਿਰਜਣਾ

(C) ਸਮਕਾਲੀ ਇਤਿਹਾਸਕ ਸਥਿਤੀ ਦਾ ਪ੍ਰਤੀਕਾਤਮਕ ਰੋਸ

(D) ਸਿੱਖਾਂ ਦੇ ਗੌਰਵਮਈ ਇਤਿਹਾਸ ਦੀ ਸਿਰਜਣਾ

57. ਕਿਸ ਨਾਵਲਕਾਰ ਦਾ ਰਚਨਾ-ਸੰਦਰਭ, ਮਨੁੱਖ ਦੀਆਂ ਅਸਤਿੱਤਵੀ ਬੇਤਰਤੀਬੀਆਂ ਦੀ ਲਪੇਟ ਵਿਚ ਆਏ ਅਤੇ ਘੋਰ ਸੰਕਟਾਂ ਦਾ ਸ਼ਿਕਾਰ ਮਨੁੱਖ ਦੀ ਪੇਸ਼ਕਾਰੀ ਕਰਦਾ ਹੈ :

(A) ਮਿੱਤਰਸੈਨ ਮੀਤ

(B) ਗੁਰਦਿਆਲ ਸਿੰਘ

(C) ਬਲਦੇਵ ਸਿੰਘ

(D) ਨਰਿੰਜਨ ਤਸਨੀਮ

**58.** ਸਮਕਾਲੀ ਮਨੁੱਖ ਦੇ ਸਭਿਆਚਾਰਕ, ਪਾਰ-ਸਭਿਆਚਾਰਕ, ਅਸਤਿੱਤਵੀ ਅਤੇ ਹਾਸ਼ੀਆਗ੍ਰਸਤ ਸੰਤਾਪ ਦੇ ਅਨੰਤ ਪਾਸਾਰਾਂ ਦੀ ਪੇਸ਼ਕਾਰੀ ਕਿਸ ਧਾਰਾ ਦੇ ਨਾਵਲਕਾਰਾਂ ਦਾ ਗੁਣ ਹੈ :

(A) ਪ੍ਰਗਤੀਵਾਦੀ ਧਾਰਾ

(B) ਯਥਾਰਥਵਾਦੀ ਧਾਰਾ

(C) ਪ੍ਰਯੋਗਸ਼ੀਲ ਧਾਰਾ

(D) ਉੱਤਰ-ਯਥਾਰਥਵਾਦੀ ਧਾਰਾ

**59.** ਪਾਕਿਸਤਾਨੀ ਪੰਜਾਬੀ ਗਲਪ ਵਿਚ ਸਿੱਖ ਕਿਰਦਾਰ ਤੇ ਪੰਖੇਰੂ ਦੀ ਜੁਗਤ ਦਾ ਪ੍ਰਯੋਜਨ ਹੈ :

(A) ਸਮਕਾਲੀ ਭਾਈਚਾਰੇ ਵਿਚ ਵਿਆਪੇ ਸੰਕਟ ਦੀ ਪੇਸ਼ਕਾਰੀ

(B) ਅਤੀਤ ਦੀਆਂ ਸਿਮਰਤੀਆਂ ਦੀ ਪੇਸ਼ਕਾਰੀ

(C) ਆਧੁਨਿਕ ਮਨੁੱਖ ਦੇ ਸੰਤਾਪ ਦੀ ਪੇਸ਼ਕਾਰੀ

(D) ਦੋਹਾ ਪੰਜਾਬਾਂ ਵਿਚ ਸਾਂਝ ਸਿਰਜਣ ਦੀ ਜੁਗਤ

**60.** ਕਿਸ ਧਾਰਾ ਦੇ ਕਹਾਣੀਕਾਰ ਸਭਿਆਚਾਰਕ ਵਿਚਾਰ-ਪ੍ਰਬੰਧ ਅਤੇ ਇਤਿਹਾਸਕ ਰੂਪਾਂਤਰਨ ਦੇ ਦਵੰਦ ਨੂੰ ਪੇਸ਼ ਕਰਦੇ ਹਨ :

(A) ਪ੍ਰਗਤੀਵਾਦੀ ਧਾਰਾ

(B) ਯਥਾਰਥਵਾਦੀ ਧਾਰਾ

(C) ਮਨੋਵਿਗਿਆਨਕ ਯਥਾਰਥਵਾਦੀ ਧਾਰਾ

(D) ਪ੍ਰਯੋਗਸ਼ੀਲ ਧਾਰਾ

**61.** ਕੁਲਵੰਤ ਸਿੰਘ ਵਿਰਕ ਦੀਆਂ ਕਹਾਣੀਆਂ ਦੀ ਮੁੱਖ ਪ੍ਰਾਪਤੀ ਹੈ :

(A) ਪ੍ਰਤੀਕਾਤਮਕ ਕਥਾ-ਸੰਦਰਭ ਦੀ ਸਿਰਜਣਾ

(B) ਸੰਕੇਤਕ ਤੋਂ ਬਹੁ-ਅਰਥਕ ਬਿਰਤਾਂਤ ਦੀ ਸਿਰਜਣਾ

(C) ਜਥਾਰਥ ਦੀ ਸਿਰਜਣਾਤਮਕ ਪੇਸ਼ਕਾਰੀ

(D) ਵਿਚਾਰਧਾਰਕ ਪ੍ਰਤਿਬੱਧਤਾ ਦੀ ਸਿਰਜਣਾ

**62.** **(A) ਕਥਨ :** ਨਾਵਲ ਦਾ ਸੰਰਚਨਾਤਮਕ ਸੁਭਾ ਬਿਰਤਾਂਤਕ ਹੋਣ ਕਰਕੇ, ਇਹ ਮਨੁੱਖੀ ਵਿਹਾਰ ਦੇ ਸਮੁੱਚੇ ਸਰੂਪ ਨੂੰ ਗ੍ਰਹਿਣ ਕਰਨ ਅਤੇ ਪੇਸ਼ ਕਰਨ ਤੇ ਪੇਸ਼ ਕਰਨ ਦੀ ਕੋਸ਼ਿਸ਼ ਕਰਦਾ ਹੈ । ਇਸੇ ਕਰਕੇ ਹੀ ਇਹ ਵਸਤੂ ਯਥਾਰਥ ਵਰਗਾ ਹੀ ਅਰਥਸ਼ੀਲ ਸਰੂਪ ਧਾਰਨ ਕਰਦਾ ਪ੍ਰਤੀਤ ਹੁੰਦਾ ਹੈ ।

**(R) ਕਾਰਨ :** ਨਾਵਲ ਅਤੇ ਕਹਾਣੀ ਦਾ ਵਿਰਤਾਂਤਕ ਸਰੂਪ ਇਨ੍ਹਾਂ ਦੇ ਆਕਾਰ ਨੂੰ ਵੱਡਾ ਅਤੇ ਛੋਟਾ ਕਰਦਾ ਹੈ ।

(A) (A) ਸਹੀ ਹੈ, (R) ਗ਼ਲਤ ਹੈ

(B) (A) ਸਹੀ ਹੈ, (R) ਆਂਸ਼ਿਕ ਗ਼ਲਤ ਹੈ

(C) (A) ਆਂਸ਼ਿਕ ਸਹੀ ਹੈ, (R) ਸਹੀ ਹੈ

(D) (A) ਗ਼ਲਤ ਹੈ, (R) ਆਂਸ਼ਿਕ ਸਹੀ ਹੈ

**63.** ਪੰਜਾਬੀ ਰੰਗਮੰਚ ਦੇ ਉਦਭਵ ਵਿਚ ਕਿਸ ਦਾ ਮੁੱਖ ਯੋਗਦਾਨ ਹੈ :

(A) ਲੋਕ ਨਾਟ ਸ਼ੈਲੀਆਂ ਤੇ ਨੁੱਕੜ ਨਾਟਕ

(B) ਬਾਲ ਨਾਟਕ ਤੇ ਮਿਸ਼ਨਰੀ ਰੰਗਕਰਮੀ

(C) ਐਪਿਕ ਤੇ ਐਬਸਰਡ ਥਿਏਟਰ

(D) ਇਪਟਾ ਤੇ ਪਾਰਸੀ ਕੰਪਨੀਆਂ

**64.** ਵਰਤਮਾਨ ਪੰਜਾਬੀ ਨਾਟਕ ਦੀ ਆਧੁਨਿਕਤਮ ਪ੍ਰਵਿਰਤੀ ਹੈ :

(A) ਵਿਸ਼ਵੀਕਰਨ ਤੇ ਬਸਤੀਵਾਦ

(B) ਉੱਤਰ-ਬਸਤੀਵਾਦ ਤੇ ਉੱਤਰ-ਆਧੁਨਿਕਤਾ

(C) ਆਧੁਨਿਕਤਾ ਤੇ ਗਲੋਬਲ ਚੇਤਨਾ

(D) ਰਾਸ਼ਟ੍ਰੀਅਤਾ ਤੇ ਪਾਰ-ਰਾਸ਼ਟ੍ਰੀਅਤਾ

**65.** ਕਿਹੜਾ ਜੁੱਟ ਸਹੀ ਹੈ :

| **ਸੂਚੀ-I** | **ਸੂਚੀ-II** |
|---|---|
| a. ਈਸ਼ਵਰ ਚੰਦਰ ਨੰਦਾ | 1. ਐਬਸਰਡਵਾਦੀ |
| b. ਸੁਰਜੀਤ ਸਿੰਘ ਸੇਠੀ | 2. ਸੁਧਾਰਵਾਦੀ |
| c. ਹਰਚਰਨ ਸਿੰਘ | 3. ਨੁੱਕੜ ਨਾਟਕ |
| d. ਗੁਰਸ਼ਰਨ ਸਿੰਘ | 4. ਯਥਾਰਥਵਾਦੀ |

| | a | b | c | d |
|---|---|---|---|---|
| (A) | 3 | 4 | 2 | 1 |
| (B) | 2 | 1 | 4 | 3 |
| (C) | 2 | 4 | 3 | 1 |
| (D) | 3 | 1 | 4 | 2 |

**66.** **(A) ਕਥਨ :** ਪੰਜਾਬੀ ਨਾਟਕ ਦੂਜੇ ਸਾਹਿਤ ਰੂਪਾਂ ਵਾਂਗ ਹੀ ਸਮਾਜਕ ਮਸਲਿਆਂ ਤੇ ਮਾਨਸਿਕ ਦਵੰਦਾਂ ਦੀ ਪੇਸ਼ਕਾਰੀ ਕਰਦਾ ਹੈ, ਪਰ ਇਸ ਦੀ ਸਫਲਤਾ ਸਿਰਫ਼ ਨਾਟਕੀ ਪਾਠ ਰਾਹੀਂ ਨਹੀਂ ਸਗੋਂ ਰੰਗਮੰਚੀ ਪੇਸ਼ਕਾਰੀ ਰਾਹੀਂ ਹੀ ਸੰਭਵ ਹੁੰਦੀ ਹੈ ।

**(R) ਕਾਰਨ :** ਹਰੇਕ ਨਾਟਕ ਦੀ ਰੰਗਮੰਚੀ ਪੇਸ਼ਕਾਰੀ ਦੀ ਸਫਲਤਾ ਨਾਟਕੀ ਪਾਠ ਉੱਤੇ ਨਹੀਂ ਸਗੋਂ ਰੰਗਮੰਚੀ ਜੁਗਤਾਂ, ਅਭਿਨੈ, ਸੰਗੀਤ, ਵੇਸ਼ਭੂਸ਼ਾ ਤੇ ਨਿਰਦੇਸ਼ਨ ਉਪਰ ਆਧਾਰਿਤ ਹੁੰਦੀ ਹੈ ।

(A) (A) ਸਹੀ ਹੈ, (R) ਆਂਸ਼ਿਕ ਸਹੀ ਹੈ

(B) (A) ਆਂਸ਼ਿਕ ਸਹੀ ਹੈ, (R) ਸਹੀ ਹੈ

(C) (A) ਤੇ (R) ਦੋਵੇਂ ਸਹੀ ਹਨ

(D) (A) ਤੇ (R) ਦੋਵੇਂ ਗ਼ਲਤ ਹਨ

**67.** ਪੰਜਾਬੀ ਨਾਟਕ ਦੀ ਆਲੋਚਨਾ ਦੀ ਸਹੀ ਦਿਸ਼ਾ ਹੈ

(A) ਨਾਟਕ ਦਾ ਸਾਹਿਤਕ ਪਾਠ ਵਜੋਂ ਮੁੱਲਾਂਕਣ

(B) ਨਾਟਕ ਦਾ ਰੰਗਮੰਚੀ ਪਾਠ ਵਜੋਂ ਮੁੱਲਾਂਕਣ

(C) ਨਾਟਕ ਦਾ ਨਾਟਕੀ ਤੇ ਰੰਗਮੰਚੀ ਪਾਠ ਦੇ ਸੰਜਮ ਵਜੋਂ ਮੁਲਾਂਕਣ

(D) ਨਾਟਕ ਦਾ ਪੂਰਬੀ ਤੇ ਪੱਛਮੀ ਸਿਧਾਂਤਕ ਸੁਮੇਲ ਵਜੋਂ ਮੁੱਲਾਂਕਣ

**68.** 'ਸਮੀਖਿਆ ਪ੍ਰਣਾਲੀਆਂ' ਪੁਸਤਕ ਦਾ ਕਰਤਾ ਹੈ :

(A) ਕਰਨੈਲ ਸਿੰਘ ਥਿੰਦ

(B) ਗੁਰਚਰਨ ਸਿੰਘ ਅਰਸ਼ੀ

(C) ਰਤਨ ਸਿੰਘ ਜੱਸੀ

(D) ਸੰਤ ਸਿੰਘ ਸੇਖੋਂ

**69.** **(A) ਕਥਨ :** ਸਾਹਿਤ ਰਚਨਾ ਦੇ ਨਿਕਟ ਤੇ ਸਰਬਾਂਗੀ ਅਧਿਐਨ ਲਈ ਪਾਠਗਤ ਆਲੋਚਨਾ ਅਤੀ ਪ੍ਰਭਾਵਸ਼ਾਲੀ ਵਿਧੀ ਹੈ । ਇਸ ਰਾਹੀਂ ਪਾਠ ਦੇ ਨਿੱਕੇ ਵੇਰਵੇ ਤੇ ਪਾਠ ਪ੍ਰਬੰਧ ਦੀ ਗਤੀਸ਼ੀਲਤਾ ਦੇ ਅਰਥ-ਮੰਡਲਾਂ ਦੀ ਪਛਾਣ ਕੀਤੀ ਜਾ ਸਕਦੀ ਹੈ ।

**(R) ਕਾਰਨ :** ਪਰ ਕਈ ਵਾਰ ਸੁਤੰਤਰ ਪਾਠਾਂ ਦੀ ਪਠਾਣ ਕਰਨ ਦੀ ਥਾਂ ਸੰਗ੍ਰਹਿਆਂ ਉਤੇ ਧਿਆਨ ਕੇਂਦ੍ਰਿਤ ਕਰ ਕੇ ਪਾਠਗਤ ਵੇਰਵਿਆਂ ਦੀ ਨਿਸ਼ਾਨਦੇਹੀ ਕਰਨ ਦੀ ਥਾਂ ਸਮੂਹਕ ਤੇ ਪਾਠ ਬਾਹਰਲੇ ਮਸਲਿਆਂ ਨੂੰ ਹੀ ਅਧਿਐਨ ਦਾ ਆਧਾਰ ਬਣਾ ਲਿਆ ਜਾਂਦਾ ਹੈ ।

(A) (A) ਤੇ (R) ਦੋਵੇਂ ਸਹੀ ਹਨ

(B) (A) ਤੇ (R) ਦੋਵੇਂ ਗ਼ਲਤ ਹਨ

(C) (A) ਆਂਸ਼ਿਕ ਸਹੀ ਹੈ, (R) ਆਂਸ਼ਿਕ ਗ਼ਲਤ ਹੈ

(D) (A) ਤੇ (R) ਦੋਵੇਂ ਆਂਸ਼ਿਕ ਸਹੀ ਹਨ

70. ਸਮਕਾਲੀ ਪੰਜਾਬੀ ਆਲੋਚਨਾ ਦੀ ਮੁੱਖ ਪ੍ਰਵਿਰਤੀ ਹੈ :

(A) ਪਾਠ ਅਤੇ ਲੇਖਕ

(B) ਪਾਠ ਅਤੇ ਸਮਾਜ

(C) ਪਾਠ ਅਤੇ ਪ੍ਰਵਚਨ

(D) ਪਾਠ ਅਤੇ ਪ੍ਰਸੰਗ

71. ਪੰਜਾਬੀ ਨਾਵਲ ਸੰਬੰਧੀ ਖੋਜ ਅਤੇ ਅਧਿਐਨ ਕਿਸ ਅੰਤਰ-ਦ੍ਰਿਸ਼ਟੀ ਤੋਂ ਵਧੇਰੇ ਮੁੱਲਵਾਨ ਹੈ :

(A) ਚਿਹਨਾਤਮਕ ਤੇ ਪਾਠ ਮੂਲਕ

(B) ਵਿਚਾਰਧਾਰਾਈ ਤੇ ਇਤਿਹਾਸ-ਮੂਲਕ

(C) ਰੂਪਾਤਮਕ ਤੇ ਬੁਣਤੀ-ਮੂਲਕ

(D) ਸੰਰਚਨਾਤਮਕ ਤੇ ਬਣਤਰ-ਮੂਲਕ

72. ਹਰਿਭਜਨ ਸਿੰਘ ਦੀ ਸਮੀਖਿਆ ਵਿਚ ਮੁੱਖ ਬਲ ਕਿਸ ਉਪਰ ਹੈ :

(A) ਨਿਕਟ ਪਾਠ ਵਿਸ਼ਲੇਸ਼ਣ

(B) ਪਾਠ ਦੀ ਪ੍ਰਮਾਣਕਤਾ

(C) ਪਾਠ-ਪ੍ਰਬੰਧ ਦੀ ਸਥਾਪਨਾ

(D) ਸਿਸਟਮੀ ਚਿੰਤਨ ਦਾ ਉਭਾਰ

73. **(A) ਕਥਨ :** ਪੰਜਾਬੀ ਕਾਵਿ-ਸ਼ਾਸਤਰ ਦੇ ਨਿਰਮਾਣ ਲਈ ਜੋ ਆਧਾਰ ਪ੍ਰਾਪਤ ਹਨ, ਉਨ੍ਹਾਂ ਵਿਚ ਭਾਰਤੀ ਤੇ ਪੱਛਮੀ ਪ੍ਰਣਾਲੀਆਂ ਹੀ ਪ੍ਰਮੁਖ ਹਨ ।

**(R) ਕਾਰਨ :** ਪਰ ਇਨ੍ਹਾਂ ਵਿਚੋਂ ਪੱਛਮੀ ਪ੍ਰਣਾਲੀਆਂ ਸਾਡੀ ਸਭਿਆਚਾਰਕ ਸਾਂਜ ਤੋਂ ਦੂਰ ਹਨ । ਸੋ ਕਾਵਿ-ਸ਼ਾਸਤਰ ਦੇ ਨਿਰਮਾਣ ਲਈ ਪੰਜਾਬ ਦੇ ਆਪਣੇ ਸਾਹਿਤ ਸੰਸਾਰ ਦਾ ਆਧਾਰ ਹੀ ਉਚਿਤ ਹੋਵੇਗਾ ।

(A) (A) ਗ਼ਲਤ ਹੈ, (R) ਆਂਸ਼ਿਕ ਸਹੀ ਹੈ

(B) (A) ਸਹੀ ਹੈ, (R) ਆਂਸ਼ਿਕ ਸਹੀ ਹੈ

(C) (A) ਤੇ (R) ਦੋਵੇਂ ਸਹੀ ਹਨ

(D) (A) ਆਂਸ਼ਿਕ ਗ਼ਲਤ ਹੈ, (R) ਸਹੀ ਹੈ

74. ਸਤਿਗੁਰੂ ਨਾਨਕ ਪ੍ਰਗਟਿਆ ਮਿਟੀ ਧੁੰਧ ਜਗ ਚਾਨਣ ਹੋਆ ।

ਜਿਉ ਕਰ ਸੂਰਜ ਨਿਕਲਿਆ ਤਾਰੇ ਛਪੇ ਅੰਧੇਰ ਪਲੋਆ ।

ਵਿਚ ਕਿਹੜਾ ਅਲੰਕਾਰ ਹੈ :

(A) ਉਪਮਾ

(B) ਸਮਾਸੋਕਤੀ

(C) ਦ੍ਰਿਸ਼ਟਾਂਤ

(D) ਰੂਪਕ

75. **(A) ਕਥਨ :** ਸਵੈ-ਜੀਵਨੀ ਦੋ ਪ੍ਰਕਾਰ ਦੀ ਹੁੰਦੀ ਹੈ ਜਦੋਂ ਮੈਂ ਨੂੰ ਸਿਰਫ਼ ਮੈਂ ਦੀ ਦ੍ਰਿਸ਼ਟੀ ਤੋਂ ਚਿਤਰਿਆ ਜਾਂਦਾ ਹੈ । ਭਾਵ ਲੇਖਕ ਆਪਣੀ ਸ਼ਖ਼ਸੀਅਤ ਨੂੰ ਅੰਤਰਮੁਖੀ ਹੋ ਕੇ ਵੇਖਦਾ ਹੈ ਤਾਂ ਸਵੈ-ਜੀਵਨ ਇਕ ਪ੍ਰਗੀਤਕ ਵਿਧਾ ਵਣ ਜਾਂਦੀ ਹੈ ।

**(R) ਕਾਰਨ :** ਪਰ ਜਦੋਂ ਉਹ ਆਪਣੇ ਆਪ ਨੂੰ ਕੇਵਲ ਦੂਜਿਆਂ ਦੀ ਆਦਰ-ਸੂਚਕ ਦ੍ਰਿਸ਼ਟੀ ਤੋਂ ਦੇਖਤਾ ਹੈ ਤਾਂ ਉਹ ਆਪਣੇ ਆਪ ਨੂੰ ਮਹਾਕਾਵਿਕ ਨਾਇਕ ਦਾ ਰੂਪ ਦੇ ਕੇ ਇਸ ਨੂੰ ਮਹਾਕਾਵਿਕ ਰੂਪ ਬਣਾ ਦਿੰਦਾ ਹੈ ।

(A) (A) ਸਹੀ ਹੈ, (R) ਆਂਸ਼ਿਕ ਸਹੀ ਹੈ

(B) (A) ਆਂਸ਼ਿਕ ਸਹੀ ਹੈ, (R) ਸਹੀ ਹੈ

(C) (A) ਤੇ (R) ਦੋਵੇਂ ਸਹੀ ਹਨ

(D) (A) ਤੇ (R) ਦੋਵੇਂ ਆਂਸ਼ਿਕ ਸਹੀ ਹਨ

**Space For Rough Work**